pstcl ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ.ਦਫ਼ਤਰ: ਪੀ.ਐਸ.ਈ.ਬੀ, ਹੈਂਡ ਆਫਿਸ, ਮਾਲ ਰੋਡ, ਪਟਿਆਲਾ-147001, ਪੰਜਾਬ, ਭਾਰਤ)
ਕਾਰਪੋਰੇਟ ਆਈ.ਡੀ ਨੰ:: **U40109PB2010SGC033814**
ਦਫ: ਨਿਗ: ਇੰਜੀ: / ਐਚ.ਆਰ. ਅਤੇ ਪ੍ਰਬੰਧਕੀ, ਪੀ. ਐਸ. ਟੀ. ਸੀ. ਐਲ.,ਪਟਿਆਲਾ
ਫੋਨ ਨੰ:0175-2970693 ਈ.ਮੇਲ se-admin@pstcl.org ਵੈਬਸਾਇਟ :www.pstcl.org

ਵੱਲ

1. ਸਮੂਹ ਪ੍ਰਮੁੱਖ/ਮੁੱਖ ਇੰਜੀ:, ਪੀ.ਐਸ.ਟੀ.ਸੀ.ਐਲ.।
2. ਮੁੱਖ ਵਿੱਤੀ ਅਫਸਰ, ਪੀ.ਐਸ.ਟੀ.ਸੀ.ਐਲ., ਪਟਿਆਲਾ।
3. ਸਮੂਹ ਉਪ ਮੁੱਖ ਇੰਜੀ:/ਨਿਗਰਾਨ ਇੰਜੀ:, ਪੀ.ਐਸ.ਟੀ.ਸੀ.ਐਲ.।
4. ਮੁੱਖ ਲੇਖਾ ਅਫਸਰ (ਵਿੱਤ ਅਤੇ ਪੜਤਾਲ), ਪੀ.ਐਸ.ਟੀ.ਸੀ.ਐਲ., ਪਟਿਆਲਾ।
5. ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ., ਪਟਿਆਲਾ।
6. ਸਮੂਹ ਵਧੀਕ ਨਿਗਰਾਨ/ਸੀਨੀ:ਕਾ:ਕਾ:ਇੰਜੀ:, ਪੀ.ਐਸ.ਟੀ.ਸੀ.ਐਲ.।
7. ਸਮੂਹ ਸਹਾ:ਕਾ:ਕਾ:ਇੰਜੀ:/ਸਹਾਇਕ ਇੰਜੀ:, ਪੀ.ਐਸ.ਟੀ.ਸੀ.ਐਲ.।
8. ਸਮੂਹ ਲੇਖਾ ਅਫਸਰ, ਪੀ.ਐਸ.ਟੀ.ਸੀ.ਐਲ.।

ਮੀਮੋ ਨੰ: 16133/40 ਮਿਤੀ: 9/8/22

ਵਿਸ਼ਾ: **Instruction for compliance of promotion/posting/transfer orders.**

ਹਵਾਲਾ:- ਇਸ ਦਫਤਰ ਦਾ ਮੀਮੋ ਨੰ: 3022/28 ਮਿਤੀ 10.03.2021

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਪੀ.ਐਸ.ਟੀ.ਸੀ.ਐਲ. ਵਿਖੇ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਦੇ ਤਰੱਕੀ/ਬਦਲੀ/ਤੈਨਾਤੀ ਦੇ ਹੁਕਮ ਅਤੇ ਪੀ.ਐਸ.ਟੀ.ਸੀ ਐਲ. ਦੀ CRA-10/2021 ਤੇ CRA-11/2021 ਅਧੀਨ ਨਵੇ ਉਮੀਦਵਾਰਾਂ ਨੂੰ ਤੈਨਾਤੀ ਹੁਕਮ ਇਸ ਦਫਤਰ ਵੱਲੋਂ ਮਾਣਯੋਗ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ। ਦੇਖਣ ਵਿੱਚ ਆਇਆ ਹੈ ਕਿ ਤਰੱਕੀ/ਬਦਲੀ/ਤੈਨਾਤੀ ਅਧੀਨ ਅਧਿਕਾਰੀਆਂ/ਕਰਮਚਾਰੀਆਂ/ਉਮੀਦਵਾਰਾਂ ਦੀ ਜੁਆਇੰਨਿੰਗ/ਰਲੀਵਿੰਗ ਅਤੇ ਚਾਰਜ ਰਿਪੋਰਟ ਸਬੰਧਤ ਦਫਤਰਾਂ ਵੱਲੋਂ ਕਈ ਵਾਰ ਬਹੁਤ ਸਮੇਂ ਬਾਅਦ ਇਸ ਦਫਤਰ ਨੂੰ ਪ੍ਰਾਪਤ ਹੁੰਦੀ ਹੈ ਅਤੇ ਕਈ ਵਾਰੀ ਇਸ ਦਫਤਰ ਵਿਖੇ ਪ੍ਰਾਪਤ ਹੀ ਨਹੀਂ ਹੁੰਦੀ, ਜਿਸ ਕਾਰਨ ਇਸ ਦਫਤਰ ਦੇ ਦਫਤਰੀ ਹੁਕਮ ਰਾਹੀਂ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ/ਉਮੀਦਵਾਰਾਂ ਦੇ ਤਰੱਕੀ/ਬਦਲੀ/ਤੈਨਾਤੀ ਹੁਕਮ ਜਾਰੀ ਕੀਤੇ ਜਾਂਦੇ ਹਨ, ਉਹਨਾਂ ਦੀ ਪਾਲਣਾ ਰਿਪੋਰਟ (Compliance report) ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ।

ਉਪਰੋਕਤ ਦੇ ਮੱਦੇਨਜਰ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ/ਉਮੀਦਵਾਰਾਂ ਦੇ ਤਰੱਕੀ/ਬਦਲੀ/ਤੈਨਾਤੀ ਹੁਕਮ ਜਾਰੀ ਕੀਤੇ ਜਾਂਦੇ ਹਨ, ਉਹਨਾਂ ਦੇ ਸਬੰਧਤ ਕੰਟਰੋਲਿੰਗ ਅਧਿਕਾਰੀਆਂ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਇਹਨਾਂ ਦਫਤਰੀ ਹੁਕਮਾਂ ਦੀ ਪਾਲਣਾ ਦੀ ਰਿਪੋਰਟ (Compliance report) ਸਬੰਧਤ ਦਫਤਰਾਂ ਵੱਲੋਂ ਉਸੇ ਦਿਨ ਨਿਗ:ਇੰਜੀ:/ਐਚ.ਆਰ. ਤੇ ਪ੍ਰਬੰਧਕੀ ਜੀ ਦੀ ਈ-ਮੇਲ (se-admin@pstcl.org) ਅਤੇ ਸੀਨੀ.ਕਾ.ਕਾ.ਇੰਜੀ:/ਪ੍ਰਸੋਨਲ ਦੀ ਈ-ਮੇਲ (ase-pers@pstcl.org) ਤੇ ਭੇਜੀ ਜਾਵੇ ਤਾਂ ਜੋ ਇਹਨਾਂ ਦਫਤਰੀ ਹੁਕਮਾਂ ਦੀ ਪਾਲਣਾ ਦੀ ਸੰਪੂਰਨ ਰਿਪੋਰਟ ਸਮੇਂ ਸਿਰ ਤਿਆਰ ਕਰਕੇ ਉੱਚ ਅਧਿਕਾਰੀਆਂ ਨੂੰ ਭੇਜੀ ਜਾ ਸਕੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਦਫਤਰੀ ਹੁਕਮਾਂ ਦੀ ਪਾਲਣਾ ਦੀ ਆਖਰੀ ਮਿਤੀ ਖਤਮ ਹੋਣ ਉਪਰੰਤ ਮਾਮਲਾ ਉੱਚ ਅਧਿਕਾਰੀਆਂ ਨੂੰ ਪੇਸ਼ ਕਰ ਦਿੱਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਸਬੰਧਤ ਦਫਤਰ ਦੀ ਹੋਵੇਗੀ।

ਮਾਮਲਾ ਅਤਿ ਜਰੂਰੀ ਹੈ ਜੀ।

8/8/2022

ਨਿਗ:ਇੰਜੀ:/ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।